*International Journal of Information Movement* *Vol. 8 Issue II* *(June2023)*
*Website: www.ijim.in* *ISSN: 2456-0553 (online)* **Pages** **101-106**

# ਮਿੰਨੀ ਕਹਾਣੀ : ਵਿਧਾਗਤ ਪਰਿਪੇਖ

**ਡਾ ਕੁਲਦੀਪ ਸਿੰਘ**
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।

ਕਹਾਣੀ ਸੁਣਨ ਅਤੇ ਸੁਣਾਉਣ ਦੀ ਪਰੰਪਰਾ ਮਨੁੱਖੀ ਸਭਿਅਤਾ ਦੇ ਜਨਮ ਜਿੰਨੀ ਹੀ ਪੁਰਾਣੀ ਹੈ। ਇਸੇ ਕਾਰਣ ਕਹਾਣੀ ਦਾ ਜਨਮ ਵੀ ਮਨੁੱਖ ਦੇ ਜਨਮ ਜਿੰਨਾ ਪੁਰਾਣਾ ਜਾਪਦਾ ਹੈ । ਆਦਮ (Adam) ਅਤੇ ਹਵਾ (Eve) ਦੁਆਰਾ 'ਅਦਨ' ਬਾਗ ਵਿਚ ਰੱਬੀ ਹਦਾਇਤ ਦੇ ਬਾਵਜੂਦ ਸ਼ੈਤਾਨ ਦੇ ਵਰਗਲਾਵੇ ਵਿਚ ਆ ਕੇ ਵਰਜਿਤ ਬੂਟੇ ਦਾ ਫਲ ਖਾਣ ਦੇ ਅਪਰਾਧ ਬਦਲੇ ਬਾਗ ਵਿਚੋਂ ਕੱਢੇ ਜਾਣ ਦੇ ਫਲਸਰੂਪ ਮਿਲੇ ਸ੍ਰਾਪ ਵਜੋਂ ਆਦਮ ਦੀ ਔਲਾਦ ਦਾ ਮਿਹਨਤ ਕਰ ਕੇ ਗੁਜ਼ਾਰਾ ਕਰਨ ਅਤੇ ਮੌਤ ਦੇ ਸ਼ਿਕਾਰ ਹੋਣ ਦਾ ਸ੍ਰਾਪ ਮਿਲਣ ਦੇ ਦਿਨ ਵਾਪਰੀ ਘਟਨਾ ਹੀ ਸੰਸਾਰ ਦੀ ਪਹਿਲੀ ਕਹਾਣੀ ਹੋਵੇਗੀ ਜਾਂ ਇਉਂ ਕਹਿ ਲਈਏ ਕਿ 'ਆਦਮ' ਅਤੇ 'ਹਵਾ' ਦੀ ਪਹਿਲੀ ਪਿਆਰ ਮਿਲਣੀ ਹੀ ਦੁਨੀਆਂ ਦੀ ਸਭ ਤੋਂ ਪੁਰਾਣੀ ਕਹਾਣੀ ਹੈ । ਜੀ. ਐਚ. ਮੇਅਰ (1887-1926) ਅਨੁਸਾਰ "ਕਹਾਣੀ ਦਾ ਮੁੱਢ ਪੱਥਰਾਂ ਉੱਤੇ ਉੱਕਰੀਆਂ ਹੋਈਆਂ ਤਸਵੀਰਾਂ ਨਾਲ ਬੱਝਿਆ ਅਤੇ ਉਸਨੇ ਕਹਾਣੀ ਨੂੰ ਮਨੁੱਖ ਦਾ ਮੁੱਢਲਾ ਕਲਾਤਮਿਕ ਕਰਿਸ਼ਮਾ ਆਖਿਆ ਹੈ ।"[1]

ਪ੍ਰਸਿੱਧ ਕਹਾਣੀ ਆਲੋਚਕ ਐੱਚ. ਈ. ਬੇਟਸ (1905-1974) ਦਾ ਮੰਨਣਾ ਹੈ ਕਿ ਕਹਾਣੀ ਦਾ ਮੁੱਢ ਕਵਿਤਾ ਤੋਂ ਵੀ ਪਹਿਲਾਂ ਬੱਝਾ। ਉਹ ਕਹਿੰਦੇ ਹਨ ਕਿ ਆਦਿ ਮਨੁੱਖ ਜਦੋਂ ਜੰਗਲਾਂ ਵਿਚ ਰਹਿੰਦਾ ਹੋਇਆ ਆਪਣੀ ਉਦਰ ਪੂਰਤੀ/ ਉਪਜੀਵਕਾ ਲਈ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰ ਕੇ ਰਾਤ ਨੂੰ ਆਪਣਾ ਭੋਜਨ ਪਕਾਉਣ ਸਮੇਂ ਅੱਗ ਦੀ ਧੂਣੀ ਦੇ ਦੁਆਲੇ ਬੈਠ ਕੇ, ਦਿਨ ਦੀ ਬੀਤੀ ਘਟਨਾ ਨੂੰ ਵਧਾ ਚੜ੍ਹਾ ਕੇ ਆਪਣੇ ਸਾਥੀਆਂ ਨੂੰ ਦਸਦਾ ਸੀ, ਉਥੋਂ ਹੀ ਕਹਾਣੀ ਦਾ ਆਰੰਭ ਹੋਇਆ।[2] ਜਦੋਂ ਤਕ ਲਿਪੀ ਦਾ ਜਨਮ ਨਹੀਂ ਸੀ ਹੋਇਆ ਉਦੋਂ ਕਹਾਣੀ ਲੋਕ ਬੁੱਲ੍ਹਾਂ ਰਾਹੀਂ ਸੰਚਾਰ ਕਰਦੀ ਰਹੀ। 'To tell the Story' ਅੰਗਰੇਜ਼ੀ ਮੁਹਾਵਰਾ ਵੀ ਉਸੇ ਸਮੇਂ/ਵੇਲੇ ਵੱਲ ਸੰਕੇਤ ਕਰਦਾ ਹੈ । ਨੋਬਲ ਪੁਰਸਕਾਰ ਪ੍ਰਾਪਤ ਵਿਸ਼ਵ ਪ੍ਰਸਿੱਧ ਭਾਰਤੀ ਸਾਹਿਤਕਾਰ ਗੁਰੂਦੇਵ ਰਬਿੰਦਰ ਨਾਥ ਟੈਗੋਰ (1861-1941) ਅਨੁਸਾਰ ਜੀਵਨ ਦਾ ਹਰ ਪਲ ਕਹਾਣੀ ਹੈ।[3] ਗਿਆਨਪੀਠ ਪੁਰਸਕਾਰ ਜੇਤੂ ਹਿੰਦੀ ਲੇਖਕ ਅਗੇਯ (1911-1987) ਦਾ ਮੰਨਣਾ ਹੈ ਕਿ ਕਹਾਣੀ ਜੀਵਨ ਦੀ ਪ੍ਰਤਿ-ਛਾਇਆ (Shadow) ਹੈ ਤੇ ਜੀਵਨ ਆਪ ਇੱਕ ਅਧੂਰੀ (Incomplete) ਕਹਾਣੀ ਹੈ।[4] ਵੇਖਣ ਵਿੱਚ ਭਾਵੇਂ ਇਹ ਦੋਵੇਂ ਗੱਲਾਂ ਵਿਰੋਧੀ ਜਾਪਦੀਆਂ ਹਨ ਪਰ ਹਨ ਦੋਵੇਂ ਹੀ ਠੀਕ। ਅਜੋਕੇ ਦੌਰ 'ਚ ਲੇਖਕ ਜ਼ਿੰਦਗੀ ਦੇ ਹਰ ਇਕ ਖਿਣ/ਪਲ ਨੂੰ ਉਸ ਦੀ ਲੰਬਾਈ (length) ਵਿੱਚ ਹੀ ਨਹੀਂ, ਸਗੋਂ ਉਸ ਦੀ ਡੂੰਘਾਈ (Depth) ਵਿੱਚ ਵੀ ਦੇਖਦਾ ਹੈ। ਨੋਬਲ ਪੁਰਸਕਾਰ ਪ੍ਰਾਪਤ ਪ੍ਰਸਿੱਧ ਫਰੈਂਚ ਚਿੰਤਕ **hY**ਨਰੀ ਲੂਈ ਬਰਗਸਾਂ (1859-1941) ਕਹਿੰਦਾ ਹੈ ਕਿ ਜ਼ਿੰਦਗੀ ਦੇ ਹਰ ਇੱਕ ਛਿਣ/ਪਲ ਵਿੱਚ ਸਮੁੱਚਾ ਕਾਲ ਸਮਾਇਆ ਹੋਇਆ ਹੁੰਦਾ ਹੈ ਫਿਰ ਇਸ ਛਿਣ/ਪਲ ਦੀ ਕਹਾਣੀ ਕਿਵੇਂ ਨਹੀਂ ਬਣ ਸਕਦੀ?[5] ਰੂਸੀ ਲੇਖਕ ਫ਼ਿਓਦਰ ਮਿਖੇਲੋਵਿਚ ਦਾਸਤੋਵਸਕੀ (1821-1881) ਤੇ ਅੰਗਰੇਜ਼ੀ ਲੇਖਿਕਾ ਐਡਲੀਨ ਵਰਜੀਨੀਆ ਵੂਲਫ (1882-1941) ਦੀਆਂ ਲਿਖਤਾਂ ਵਿਚ ਅਜਿਹੇ ਪਲਾਂ ਦੇ ਅਨੁਭਵ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਪ੍ਰੰਤੂ ਦੂਜੇ ਪਾਸੇ ਰੂਸੀ ਲੇਖਕ ਐਂਤਨ ਚੈਖੋਵ (1860-1904) ਆਪਣੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਮੁੜ ਮੁੜ ਇਹ ਸਵਾਲ ਉਠਾਉਂਦਾ ਹੈ ਕਿ ਅਸੀਂ ਜੀਵਨ ਭਰ ਵਿੱਚ ਆਖ਼ਿਰ ਕੀ ਕਰ ਲੈਂਦੇ ਹਾਂ? ਉਸ ਦੀ ਕਹਾਣੀ ਦੁੱਖ (Grief) ਦਾ ਨਾਇਕ ਲੋਨਾ ਆਪਣੇ ਪੁੱਤਰ ਕੁਜਮਾਲੋਨਿਚ ਦੀ ਮੌਤ ਦੇ ਦੁੱਖ ਨੂੰ ਕਿਸੇ ਨਾਲ ਵੰਡਣਾ ਚਾਹੁੰਦਾ ਹੈ ਪਰ ਕੋਈ ਵੀ ਉਸਦਾ ਦੁੱਖ ਸੁਣਨ ਵਿਚ ਦਿਲਚਸਪੀ

ਨਹੀਂ ਦਿਖਾਉਂਦਾ ਅੰਤ ਉਹ ਆਪਣਾ ਦੁਖ ਆਪਣੀ ਘੋੜੀ ਨੂੰ ਸੁਣਾਉਂਦਾ ਹੈ। ਘੋੜੀ ਆਪਣੇ ਮਾਲਿਕ ਦੇ ਹੱਥ ਉੱਤੇ ਸਾਹ ਛੱਡਦੀ ਹੈ, ਉਸਦੀ ਗੱਲ ਸੁਣਦੀ ਹੈ ਅਤੇ ਉਸ ਦੇ ਹੱਥ ਨੂੰ ਚੱਟਦੀ ਹੈ। ਪੁੱਤਰ ਦੀ ਮੌਤ ਦੇ ਦੁੱਖ ਵਿਚ ਰੋ ਰੋ ਕੇ ਮਰਨਹਾਰ ਹੋਈ ਆਪਣੀ ਬਿਮਾਰ ਔਰਤ ਨੂੰ ਹਸਪਤਾਲ ਲਈ ਜਾਂਦਾ ਸੋਚ ਰਿਹਾ ਹੈ ਕਿ, "ਇਹ ਬਚ ਜਾਵੇ ਤਾਂ ਜੋ ਜ਼ਿੰਦਗੀ ਮੁੱਢੋਂ ਸ਼ੁਰੂ ਕੀਤੀ ਜਾ ਸਕੇ।" ਹੁਣ ਤੱਕ ਉਸ ਨੂੰ ਤੇ ਕਦੇ ਖਿਆਲ ਹੀ ਨਹੀਂ ਸੀ ਆਇਆ ਕਿ ਜ਼ਿੰਦਗੀ ਇਉਂ ਹੀ ਮੁੱਕ ਜਾਵੇਗੀ।[6] ਇਸ ਤਰ੍ਹਾਂ ਜੀਵਨ ਹਰ ਛਿਣ/ਪਲ ਕਹਾਣੀ ਹੁੰਦਾ ਹੋਇਆ ਵੀ ਇਕ ਅਧੂਰੀ ਕਹਾਣੀ ਹੀ ਤਾਂ ਹੈ । ਆਮਤੌਰ 'ਤੇ ਇਹ ਵੇਖਣ ਵਿੱਚ ਆਇਆ ਹੈ ਕਿ ਪੁਰਾਣੇ ਸਮਿਆਂ ਵਿੱਚ ਕਹਾਣੀ ਨੂੰ ਮਨ ਪ੍ਰਚਾਵੇ ਤੇ ਸਿੱਖਿਆ ਦਾ ਸਾਧਨ ਸਮਝਿਆ ਜਾਂਦਾ ਸੀ। ਸਾਡੇ ਸਮਾਜ ਸਭਿਆਚਾਰ ਵਿੱਚ ਪਈਆਂ ਅਨੰਤ ਲੋਕ ਕਥਾਵਾਂ ਇਸ ਗੱਲ ਦੀ ਹਾਮੀ ਵੀ ਭਰਦੀਆਂ ਹਨ। ਪਰੰਤੂ ਅਜੋਕੇ ਦੌਰ ਦਾ ਮਨੁੱਖ ਕਹਾਣੀ ਰਾਹੀਂ ਆਪਣੇ ਸਵੈ ਨੂੰ ਲੱਭਣ ਤੇ ਆਪਣੇ ਰਾਹੀਂ ਸੰਸਾਰ ਨੂੰ ਲੱਭਣ/ਜਾਨਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਜੋ ਉਹ ਸਵੈ ਤੇ 'ਪਰ' ਨਾਲ ਸਾਰੇ ਸੰਬੰਧਾਂ ਦੀ ਥਾਹ ਪਾ ਸਕੇ। ਆਪਣੇ ਅੰਦਰਲੇ ਤੇ ਬਾਹਰਲੇ ਨੇਮ ਪ੍ਰਬੰਧ ਉੱਤੇ ਆਧਾਰਿਤ ਮਨੁੱਖ ਤੇ ਪ੍ਰਕਿਰਤੀ ਦੀ ਜਟਿਲ, ਤਰਲ ਤੇ ਗਤੀਸ਼ੀਲ ਹੋਂਦ ਤੋਂ ਅੱਜ ਦਾ ਮਨੁੱਖ ਚੇਤੰਨ ਹੈ। ਇਸੇ ਲਈ ਉਹ ਕਿਸੇ ਵੀ ਸੱਚ ਨੂੰ ਆਖ਼ਰੀ/ਅੰਤਿਮ ਸੱਚ ਮੰਨ ਕੇ, ਮਨੁੱਖ ਨੂੰ ਉਸ ਦੇ ਕੇਂਦਰ/ਪ੍ਰਕਰਣ ਵਿੱਚ ਰੱਖ ਕੇ ਨਹੀਂ ਪਰਖਦਾ, ਸਗੋਂ ਹਰ ਸੱਚ ਦਾ ਮੁੱਲ ਵੀ ਉਹ ਮਨੁੱਖੀ ਪ੍ਰਕਰਣ ਅਨੁਸਾਰ ਹੀ ਪਾਉਂਦਾ ਹੈ। ਇਸੇ ਕਾਰਨ ਅੱਜ ਮਨੁੱਖ ਦੇ ਸਵੈ ਤੇ ਪਰ ਨਾਲ ਸਾਰੇ ਸੰਬੰਧਾਂ ਦੇ ਆਧਾਰ ਬਦਲ ਗਏ ਹਨ। ਇਸ ਤਬਦੀਲੀ ਵਿੱਚ ਯੁੱਗ ਪੁਰਸ਼ ਵਿਗਿਆਨੀ ਅਲਬਰਟ ਆਈਨਸਟਾਈਨ (1879-1955) ਮਨੋ-ਵਿਗਿਆਨੀ ਸਿਗਮੰਡ ਫਰਾਇਡ (1856-1939) ਜੀਵ ਵਿਗਿਆਨੀ ਚਾਰਲਸ ਡਾਰਵਿਨ (1809-1882) ਤੇ ਅਰਥ ਵਿਗਿਆਨੀ ਕਾਰਲ ਮਾਰਕਸ (1818-1883) ਆਦਿ ਨੇ ਵੱਡਾ ਹਿੱਸਾ ਪਾਇਆ ਹੈ। ਇਸ ਬਦਲੇ ਹੋਏ ਸਮਾਜ ਅਤੇ ਮਨੁੱਖ ਦੇ ਪ੍ਰਗਟਾਉ ਲਈ ਪੁਰਾਣੀ/ਰਵਾਇਤੀ ਕਹਾਣੀ ਵਾਲਾ ਰੂਪ ਮੇਚ ਨਹੀਂ ਆ ਸਕਦਾ। ਇਸ ਲਈ ਅੱਜ ਦਾ ਕਹਾਣੀਕਾਰ ਨਵੇਂ ਮਨੁੱਖ ਦੇ ਅਨੁਭਵ ਦੇ ਹਾਣ ਦੇ ਕਿਸੇ ਨਵੇਂ ਕਹਾਣੀ ਰੂਪ ਦੀ ਭਾਲ ਵਿੱਚ ਤੁਰਿਆ ਹੈ। ਜਰਮਨ ਦਾਰਸ਼ਨਿਕ ਅ੍ਰਨਸਟ ਅਲਫ੍ਰੈਡ ਕੈਜ਼ਰਰ (1874-1945) ਦੇ ਅਨੁਸਾਰ ਸਾਹਿਤ ਦਾ ਕੋਈ ਵੀ ਰੂਪ ਕਿਸੇ ਕਿਰਤ ਦਾ ਨਿਰਾ ਬਾਹਰੀ ਆਕਾਰ ਹੀ ਨਹੀਂ ਹੁੰਦਾ ਸਗੋਂ ਸਾਹਿਤ ਦਾ ਇਹ ਰੂਪ ਮਨੁੱਖੀ ਅਨੁਭਵ ਨੂੰ ਸਿਰਜਣ ਤੇ ਵਿਉਂਤਣ ਵਿਚ ਵਿਸ਼ੇਸ਼ ਹਿੱਸਾ ਪਾਉਂਦਾ ਹੈ।[7] ਪ੍ਰਕਿਰਤੀ ਨੂੰ ਨਿੱਤ ਭੰਨਣ/ਘੜਣ ਦੇ ਆਹਰ ਵਿੱਚ ਲੱਗਿਆ ਹੋਇਆ ਕੋਈ ਅਦਿੱਖ ਦੈਵੀ ਹੱਥ ਵੀ ਸ਼ਾਇਦ ਜ਼ਿੰਦਗੀ ਦੇ ਕੱਚੇ ਮਸਾਲੇ ਵਿੱਚੋਂ ਵੀ ਕੋਈ ਨਵੀਨ ਹੁਨਰੀ ਰੂਪ ਸਿਰਜ ਲੈਣ ਦੀ ਵਿਉਂਤ/ਤਰਕੀਬ/ਜੁਗਤ/ਘਾੜਤ ਵਿੱਚ ਰੁੱਝਾ ਰਹਿੰਦਾ ਹੈ। ਸਮੁੱਚੇ ਬ੍ਰਹਿਮੰਡੀ ਵਰਤਾਰੇ ਨਾਲ ਸੰਬੰਧਿਤ ਗਿਆਨ, ਵਿਗਿਆਨ ਵਿਚ ਵਾਪਰ ਰਹੇ ਦੇ ਅਨੇਕਾਂ ਪਰਿਵਰਤਨਾਂ ਵਿਚੋਂ ਸਾਹਿਤਕ ਸੰਸਾਰ ਵਿਚ ਵੀ ਵਿਸ਼ਾ-ਵਸਤੂ ਅਤੇ ਰੂਪ ਦੇ ਪੱਖ ਤੋਂ ਸਾਹਿਤਕ ਵਿਧਾਵਾਂ ਵਿਚ ਅਨੇਕਾਂ ਤਬਦੀਲੀਆਂ ਵਾਪਰ ਰਹੀਆਂ ਹਨ। ਕੰਪਿਊਟਰ, ਤਕਨਾਲੋਜੀ, ਡਿਜੀਟਲਾਈਜੇਸ਼ਨ, ਅਤੇ ਮਨੋਰੰਜਨ ਦੇ ਨਿੱਤ ਨਵੇਂ ਬਦਲਦੇ ਦੌਰ ਵਿਚ ਐਵੇਂ ਲਗਦਾ ਹੈ ਜਿਵੇਂ ਮਨੁੱਖ ਦੀ ਜਿਆਦਾ ਲੰਮੀਆਂ/ਵੱਡੀਆਂ ਸਾਹਿਤਕ ਰਚਨਾਵਾਂ ਦੇ ਪਠਨ-ਪਾਠਨ ਵਿਚ ਰੁਚੀ ਘਟੀ ਹੈ। ਇਸੇ ਲਈ ਸਾਹਿਤ ਵਿਚ ਆ ਰਹੇ ਨਵੇਂ ਲਘੂ ਸਾਹਿਤ-ਰੂਪਾਂ ਲੋਕ ਸਮੂਹ ਦੀ ਦਿਲਚਸਪੀ ਵਧੀ ਹੈ। ਲਘੂ ਰੂਪ ਦਾ ਸਾਹਿਤ ਮੂਲ ਰੂਪ ਅਜਿਹੀ ਕੋਈ ਵੀ ਚੀਜ ਹੈ ਜੋ ਇਕ ਵਾਰ/ਇਕ ਬੈਠਕ ਵਿਚ ਪੜ੍ਹੀ ਜਾ ਸਕਦੀ ਹੋਵੇ। ਦੂਜੇ ਸ਼ਬਦਾਂ ਵਿਚ ਲਘੂ ਰੂਪ ਦੇ ਸਾਹਿਤ ਵਿਚ ਲਘੂ-ਕਵਿਤਾਵਾਂ, ਹਾਇਕੂ, ਲਘੂ ਲੇਖ, ਲਘੂ/ਨੈਨੋ ਨਾਟਕ, ਲਘੂ/ਮਿੰਨੀ ਕਹਾਣੀਆਂ ਅਤੇ ਚਿੱਤਰ ਪੁਸਤਕਾਂ ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਇਹ ਆਧੁਨਿਕ ਮਨੁੱਖ ਦੀ ਚੇਤੰਨ ਸਾਹਿਤਕ ਸਿਰਜਣਾ ਦਾ ਹੀ ਪ੍ਰਤਿਫਲ ਹੈ ਜਿਸ ਵਿਚ ਮਨੁੱਖ ਦੀ ਸਥੂਲ ਤੇ ਸੂਖਮ ਪ੍ਰਕਿਰਤੀ ਤੋਂ ਲੈ ਕੇ ਤਿੰਨਾਂ ਕਾਲਾਂ ਤੋਂ ਪਾਰ ਬ੍ਰਹਿਮੰਡੀ ਚੇਤਨਾ ਦੀ ਗੱਲ ਹੋ ਸਕਦੀ ਹੈ । ਇਸ ਲਈ ਇਸ ਸੰਬੰਧੀ ਕੋਈ ਇੱਕ

ਨਿਸ਼ਚਿਤ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਅਜੋਕੇ ਸਮੇਂ ਵਿੱਚ ਮਿੰਨੀ ਕਹਾਣੀ ਪੰਜਾਬੀ ਸਾਹਿਤ ਦੀ ਸਭ ਤੋਂ ਪ੍ਰਸਿੱਧ ਵਿਧਾ ਦੇ ਰੂਪ ਵਿਚ ਪ੍ਰਫੁੱਲਿਤ ਹੋਈ ਹੈ। ਅਣਗਿਣਤ ਪਾਠਕਾਂ ਅਤੇ ਲੇਖਕਾਂ ਨੇ ਇਸ ਨੂੰ ਅਥਾਹ ਪ੍ਰਸਿੱਧੀ ਪ੍ਰਦਾਨ ਕੀਤੀ ਹੈ। ਇਸ ਸਥਿਤੀ ਵਿੱਚ ਪਹੁੰਚਣ ਲਈ ਮਿੰਨੀ ਕਹਾਣੀ ਨੇ ਕਈ ਦਹਾਕਿਆਂ ਦਾ ਸਫ਼ਰ ਤੈਅ ਕੀਤਾ ਹੈ। ਕਹਾਣੀ ਅਤੇ ਨਾਵਲ ਵਰਗੀਆਂ ਹੋਰ ਗਲਪੀ ਵਿਧਾਵਾਂ ਵਾਂਗ ਮਿੰਨੀ ਕਹਾਣੀ ਵੀ ਇੱਕ ਸੁਤੰਤਰ ਵਿਧਾ ਹੈ। ਕਹਾਣੀਆਂ ਅਤੇ ਨਾਵਲਾਂ ਦੇ ਵੰਨ-ਸੁਵੰਨੇ ਵਿਸ਼ਿਆਂ ਵਾਂਗ ਮਿੰਨੀ ਕਹਾਣੀਆਂ ਦਾ ਵਿਸ਼ਾ ਭੰਡਾਰ ਵੀ ਅਥਾਹ ਹੈ। ਇਹ ਲੇਖਕ ਦੀ ਵਿਚਾਰਕ ਤੇ ਵਿਅਕਤੀਗਤ ਸੁਤੰਤਰਤਾ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਵਿਸ਼ੇ ਨੂੰ ਆਪਣੀ ਲਿਖਤ ਲਈ ਚੁਣਦਾ ਹੈ।

ਸਾਹਿਤ ਦੀਆਂ ਹੋਰ ਵਿਧਾਵਾਂ ਵਿੱਚ ਵੀ ਜਿਵੇਂ ਧਾਰਮਿਕ, ਰਾਜਨੀਤਿਕ, ਆਰਥਿਕ, ਸਮਾਜਿਕ ਸਥਿਤੀਆਂ/ਪਰਸਥਿਤੀਆਂ, ਅਸਮਾਨਤਾਵਾਂ, ਰੂੜ੍ਹੀਆਂ, ਮਨੁੱਖੀ ਭਾਵਨਾਵਾਂ, ਰਿਸ਼ਤੇ ਆਦਿ ਬਾਰੇ ਲਿਖਿਆ ਜਾਂ ਵਿਅੰਗ ਕੀਤਾ ਜਾਂਦਾ ਹੈ ਠੀਕ ਉਸੇ ਤਰ੍ਹਾਂ ਹੀ ਮਿੰਨੀ ਕਹਾਣੀਆਂ ਵਿੱਚ ਵੀ ਅਜਿਹਾ ਸਭ ਕੁਝ ਪੇਸ਼ ਕੀਤਾ ਜਾਂਦਾ ਹੈ। ਇਸ ਲਈ ਮਿੰਨੀ ਕਹਾਣੀ ਨੂੰ ਗ਼ੈਰ-ਪ੍ਰਭਾਵਸ਼ਾਲੀ ਵਿਧਾ ਕਹਿਣਾ ਕਿਸੇ ਵੀ ਪੱਖ ਤੋਂ ਤਰਕਸੰਗਤ ਨਹੀਂ ਜਾਪਦਾ। ਮਿੰਨੀ ਕਹਾਣੀਆਂ ਦਾ ਸਾਹਿਤ ਵਿੱਚ ਸਥਾਨ ਹੋਰ ਸਾਹਿਤਕ ਵਿਧਾਵਾਂ ਜਿੰਨਾ ਹੀ ਮਹੱਤਵਪੂਰਣ, ਸਾਰਥਕ ਅਤੇ ਸਕਾਰਾਤਮਕ ਹੈ। ਹਰ ਸਾਹਿਤਕ ਵਿਧਾ (ਦੀਰਘ/ਲਘੂ) ਦੀ ਆਪਣੀ ਵਿਆਕਰਣ ਅਤੇ ਆਪਣੇ ਸ੍ਰੋਤ ਹੁੰਦੇ ਹਨ। ਇਸ ਦੀ ਬਣਤਰ ਦੇ ਮੂਲ ਸੁਭਾਅ ਕਾਰਨ ਹੀ ਇਸ ਦੀ ਵਿਸ਼ੇਸ਼ਤਾ ਪ੍ਰਮਾਣਿਕ ਰੂਪ ਧਾਰਨ ਕਰਦੀ ਹੈ। ਹਰੇਕ ਵਿਧਾ ਦੀ ਬਣਤਰ (Structure) ਅਤੇ ਬੁਣਤਰ (Texture) ਇਸਦੇ ਕਲਾਸੀਕਲ ਤੱਤਾਂ 'ਤੇ ਅਧਾਰਤ ਹੁੰਦੀ ਹੈ। ਮਿੰਨੀ ਕਹਾਣੀ ਕੇਵਲ ਵਿਅੰਗ ਰੂਪ ਨਹੀਂ ਹੈ। ਜਿਵੇਂ ਕਹਾਣੀ ਵਿਚ ਵਿਅੰਗ ਹੋ ਸਕਦਾ ਹੈ, ਉਸੇ ਤਰ੍ਹਾਂ ਮਿੰਨੀ ਕਹਾਣੀ ਵਿਚ ਵੀ ਵਿਅੰਗ ਹੋ ਸਕਦਾ ਹੈ। ਸਿਰਫ਼ ਇਸ ਆਧਾਰ 'ਤੇ ਇਹ ਵਿਅੰਗ ਵਿਧਾ ਨਹੀਂ ਬਣ ਜਾਂਦੀ। ਇਹ ਦੋਵੇਂ ਸੁਤੰਤਰ ਸਾਹਿਤ ਸ਼ੈਲੀਆਂ/ਰੂਪ ਹਨ। ਉਹਨਾਂ ਦਾ ਆਪਣਾ ਵਿਲੱਖਣ ਸੰਰਚਨਾਤਮਕ ਰੂਪ ਹੈ। ਕਹਾਣੀ ਅਤੇ ਮਿੰਨੀ ਕਹਾਣੀ 'ਗਲਪ' ਪਰਿਵਾਰ ਦੀਆਂ ਵਿਧਾਵਾਂ ਹਨ ਪਰ ਇਨ੍ਹਾਂ ਦੀ ਆਪਣੀ ਸੁਤੰਤਰ ਹੋਂਦ ਵੀ ਹੈ। ਕਹਾਣੀ ਰੂਪ ਜਾਂ ਵਿਸ਼ੇ ਦੇ ਪੱਖ ਤੋਂ ਲੰਮੀ ਜਾਂ ਛੋਟੀ ਹੋ ਸਕਦੀ ਹੈ। ਪਰ ਇਸਦਾ ਅਰਥ ਇਹ ਨਹੀਂ ਕਿ ਛੋਟੀ ਕਹਾਣੀ ਹੀ ਮਿੰਨੀ ਕਹਾਣੀ ਬਣ ਜਾਵੇ।

ਮਿੰਨੀ ਕਹਾਣੀ ਨੂੰ ਇਸ ਦੇ ਸੰਖੇਪ (Brief) ਰੂਪ ਕਾਰਨ ਹੀ ਮਿੰਨੀ ਕਹਾਣੀ ਕਿਹਾ ਜਾਂਦਾ ਹੈ। ਇਸ ਲਈ ਲਘੂ ਜਾਂ ਛੋਟਾ ਹੋਣਾ ਇਸ ਦਾ ਮਹੱਤਵਪੂਰਨ ਤੱਤ ਹੈ। ਇਸ ਦੀ ਸਾਹਿਤਕ ਸਾਂਭ-ਸੰਭਾਲ ਬਹੁਤ ਜ਼ਰੂਰੀ ਹੈ। ਮਿੰਨੀ ਕਹਾਣੀ ਦਾ ਰੂਪ ਕਿੰਨਾ ਕੁ ਲਘੂ/ਛੋਟਾ ਹੋਵੇਗਾ ਇਹ ਇਸ ਦੀ ਪਾਠਗਤ ਸਮੱਗਰੀ 'ਤੇ ਨਿਰਭਰ ਕਰਦਾ ਹੈ। ਮਿੰਨੀ ਕਹਾਣੀ ਪੰਜ-ਛੇ ਵਾਕਾਂ ਦੀ ਵੀ ਹੋ ਸਕਦੀ ਹੈ ਜਾਂ ਸੌ ਤੋਂ ਦੋ ਸੌ ਵਾਕਾਂ ਜਾਂ ਸ਼ਬਦਾਂ ਦੀ ਵੀ ਹੋ ਸਕਦੀ ਹੈ। ਇਹ ਮਿੰਨੀ ਕਹਾਣੀ ਲੇਖਕ ਦੀ ਯੋਗਤਾ ਅਤੇ ਲਿਖਣ ਦੇ ਹੁਨਰ 'ਤੇ ਨਿਰਭਰ ਕਰਦਾ ਹੈ ਕਿ ਉਹ ਉਸ ਨੂੰ ਕਿੰਨਾ ਕੁ ਵਿਸਥਾਰ ਦੇਣਾ ਚਾਹੁੰਦਾ ਹੈ। ਅਸਲ ਵਿੱਚ, ਮਿੰਨੀ ਕਹਾਣੀ ਲੇਖਕ ਦੀ ਲਿਖਣ ਸ਼ਕਤੀ ਦਾ ਸਮਾਨਾਰਥੀ ਹੈ। ਇਹ ਉਸਦੇ ਲਿਖਣ ਦੇ ਹੁਨਰ ਦੀ ਪਰਖ/ਪੈਮਾਨਾ ਹੈ। ਮਿੰਨੀ ਕਹਾਣੀਆਂ ਜ਼ਿਆਦਾਤਰ ਸਮਕਾਲੀ ਸਥਿਤੀਆਂ/ਪਰਸਥਿਤੀਆਂ 'ਤੇ ਲਿਖੀਆਂ ਜਾਂਦੀਆਂ ਹਨ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਮਿੰਨੀ ਕਹਾਣੀ ਕਿਸੇ ਘਟਨਾ ਦੇ ਅਤਿ ਸੂਖਮ ਬਿੰਦੂਆਂ 'ਤੇ ਧਿਆਨ ਕੇਂਦਰਿਤ ਕਰਦੀ ਹੈ।

ਉਹ ਅਤਿ ਸੂਖਮ ਬਿੰਦੂ ਵਿਸਥਾਰ ਨਹੀਂ ਚਾਹੁੰਦਾ। ਸਤਹੀ ਘਟਨਾ ਤੁਰੰਤ ਵਾਪਰਦੀ ਹੈ ਅਤੇ ਛੋਟੀ ਕਹਾਣੀ ਆਪਣੇ ਮੂਲ ਉੱਤੇ ਕੇਂਦਰਿਤ ਰਹਿੰਦੀ ਹੈ। ਇਸ ਵਿੱਚ ਵਿਸਥਾਰ ਦੀ ਕੋਈ ਸੰਭਾਵਨਾ ਨਹੀਂ ਹੈ। ਇੱਕ ਕੁਸ਼ਲ/ਨਿਪੁੰਨ ਲੇਖਕ ਇਸ ਸੂਖਮ ਬੁਨਿਆਦੀ ਨੁਕਤੇ ਦੀ ਵਰਤੋਂ ਕਰਕੇ ਇੱਕ ਛੋਟੀ ਕਹਾਣੀ ਦੇ ਤਾਣੇ-ਬਾਣੇ ਨੂੰ ਬੁਣਦਾ ਹੈ। ਉਹ ਆਪਣੇ ਮਕਸਦ ਨੂੰ ਥੋੜ੍ਹੇ ਸ਼ਬਦਾਂ ਵਿਚ ਸਪੱਸ਼ਟ ਕਰਦਾ ਹੈ। ਕਿਸੇ ਵਿਅਕਤੀ ਦੇ ਮਨ ਦੀ ਸਥਿਤੀ ਨੂੰ ਦਰਸਾਉਣ ਲਈ, ਸਮੇਂ ਦੀ ਮਿਆਦ ਨੂੰ

ਧਿਆਨ ਵਿੱਚ ਰੱਖਣਾ ਪੈਂਦਾ ਹੈ। ਛੋਟੀ ਕਹਾਣੀ ਉਸ ਸਮੇਂ ਦੌਰਾਨ ਵਿਅਕਤੀ ਦੇ ਮਨ ਦੀ ਸਥਿਤੀ ਨੂੰ ਦਰਸਾਉਂਦੀ ਹੈ। ਵਿਸ਼ਾ ਭਾਵੇਂ ਕੋਈ ਵੀ ਹੋਵੇ, ਛੋਟੀ ਕਹਾਣੀ ਵਿਸ਼ੇ ਦੁਆਲੇ ਹੀ ਘੁੰਮਦੀ ਹੈ। ਇਸ ਲਈ ਉਹ ਵੇਰਵਿਆਂ ਤੋਂ ਬਚਦੀ ਹੈ। ਜਿੱਥੇ ਮਿੰਨੀ ਕਹਾਣੀ ਵਿਚ ਬੇਲੋੜਾ ਵੇਰਵਾ ਹੋਵੇ, ਉੱਥੇ ਮਿੰਨੀ ਕਹਾਣੀ ਦੇ ਟੁੱਟਣ ਦੀ ਸੰਭਾਵਨਾ ਵੱਧ ਜਾਂਦੀ ਹੈ। ਬੇਲੋੜੇ ਵੇਰਵਿਆਂ ਕਾਰਨ ਇਸ ਦੇ ਕਹਾਣੀ ਬਣਨ ਦੀ ਸੰਭਾਵਨਾ ਜਿਆਦਾ ਹੁੰਦੀ ਹੈ।

ਮਿੰਨੀ ਕਹਾਣੀ ਨੂੰ ਗਲਪ ਦੀ ਤੇਜ਼ ਰਫ਼ਤਾਰ ਅਤੇ ਸ਼ਕਤੀਸ਼ਾਲੀ ਵਿਧਾ ਦੇ ਤੌਰ 'ਤੇ ਪ੍ਰਵਾਨ ਕੀਤਾ ਗਿਆ ਹੈ। ਮਿੰਨੀ ਕਹਾਣੀ ਦੀ ਗਤੀ ਕਿਸੇ ਨਦੀ ਦੇ ਮੰਦ/ਮੱਠੇ/ਮੱਧਮ ਵਹਾਅ ਵਰਗੀ ਨਹੀਂ ਸਗੋਂ ਝਰਨੇ ਦੇ ਗਤੀਸ਼ੀਲ/ਵਧਦੇ ਪਾਣੀਆਂ ਦੇ ਤੇਜ਼ ਵਹਾਅ ਵਰਗੀ ਹੁੰਦੀ ਹੈ। ਇਹ ਗਲਪ ਰੂਪਾਕਾਰ ਆਪਣੀ ਕਥਾ-ਵਸਤੂ ਵਿਚ ਸਮੁੰਦਰ ਵਰਗੀ ਡੂੰਘਾਈ ਅਤੇ ਆਕਾਸ਼ ਵਰਗੇ ਵਿਸਤਾਰ ਨੂੰ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ। ਮਿੰਨੀ ਕਹਾਣੀ ਦਾ ਸਫ਼ਰ ਘੱਟੋ-ਘੱਟ ਸ਼ਬਦਾਂ ਭਾਵ ਗਾਗਰ ਵਿਚ ਸਾਗਰ ਭਰਨ ਵਾਲਾ ਹੁੰਦਾ ਹੈ। ਇਸ ਦੇ ਮਿੰਨੀ/ਲਘੂ/ਛੋਟੇ ਆਕਾਰ ਵਿਚ ਹੀ ਕਥਾਕਾਰ ਵੱਖ-ਵੱਖ ਰੂਪਾਂ, ਦ੍ਰਿਸ਼ਾਂ ਸ਼ਬਦ-ਚਿੱਤਰਾਂ, ਪ੍ਰਤੀਕਾਂ, ਅਲੰਕਾਰਾਂ ਆਦਿ ਨੂੰ ਪਰੋ ਕੇ ਕਥਾ-ਵਸਤੂ ਨੂੰ ਸ਼ਿੰਗਾਰਦਾ ਹੈ। ਮਿੰਨੀ ਕਹਾਣੀ ਸੈਲਫੀ ਵਾਂਗੂ ਸੀਮਤ ਅਤੇ ਜ਼ਰੂਰੀ ਚੀਜ਼ਾਂ ਦੀ ਤਸਵੀਰਕਸ਼ੀ ਕਰਦੀ ਹੈ।

ਮਨੁੱਖੀ ਸੰਵੇਦਨਾਵਾਂ/ਸਮੱਸਿਆਵਾਂ ਨੂੰ ਪੇਸ਼ ਕਰਨ ਵਾਲੀਆਂ ਸਾਹਿਤਕ ਰਚਨਾਵਾਂ ਨੂੰ ਹੀ ਸਾਹਿਤ ਚਿੰਤਕਾਂ ਦੁਆਰਾ ਵਧੇਰੇ ਪ੍ਰਭਾਵਸ਼ਾਲੀ ਅਤੇ ਉੱਤਮ ਮੰਨਿਆ ਜਾਂਦਾ ਹੈ। ਲਘੂ ਕਹਾਣੀ ਜਿੱਥੇ ਤਿੱਖੇ ਵਿਅੰਗ ਰਾਹੀਂ ਦਿਲ ਨੂੰ ਵਿੰਨ੍ਹਣ ਦੀ ਸਮਰੱਥਾ ਰੱਖਦੀ ਹੈ, ਉੱਥੇ ਇਹ ਆਪਣੀਆਂ ਭਾਵਾਤਮਕ ਤਰੰਗਾਂ ਦੇ ਵੇਗ ਕਾਰਨ ਦਿਲ ਦੀਆਂ ਤਾਰਾਂ ਨੂੰ ਧੁਰ ਅੰਦਰ ਤੱਕ ਛੂਹਣ ਦੀ ਸਮਰੱਥਾ ਵੀ ਰੱਖਦੀ ਹੈ। ਸ਼ੁਰੂਆਤੀ ਦੌਰ ਦੀਆਂ ਜ਼ਿਆਦਾਤਰ ਮਿੰਨੀ ਕਹਾਣੀਆਂ ਵਿਚ ਮਨੁੱਖੀ ਸਮੱਸਿਆਵਾਂ ਅਤੇ ਅਸੰਗਤੀਆਂ 'ਤੇ ਤਿੱਖੇ ਵਿਅੰਗ ਸਨ। ਹੌਲੀ-ਹੌਲੀ ਉਨ੍ਹਾਂ ਵਿਚ ਮਨੁੱਖੀ ਸੰਵੇਦਨਾਵਾਂ ਦਾ ਪੱਖ ਮਜ਼ਬੂਤ ਹੁੰਦਾ ਗਿਆ ਅਤੇ ਮਨੁੱਖੀ ਰਿਸ਼ਤਿਆਂ ਦੀਆਂ ਨਾਜ਼ੁਕ ਤੰਦਾਂ ਨੂੰ ਛੂਹਣ ਵਾਲੀਆਂ ਮਿੰਨੀ ਕਹਾਣੀਆਂ ਗਿਣਾਤਮਕ ਪੱਖ ਤੋਂ ਜਿਆਦਾ ਲਿਖੀਆਂ ਜਾਣ ਲੱਗੀਆਂ। ਪਰੰਤੂ ਬਹੁਤੇ ਲੇਖਕਾਂ ਨੇ ਇਸ ਵਿਧਾ ਦੇ ਸਿਧਾਂਤਕ ਪਹਿਲੂ 'ਤੇ ਧਿਆਨ ਨਹੀਂ ਦਿੱਤਾ।

ਉਹ ਪ੍ਰਸਿੱਧੀ ਪ੍ਰਾਪਤ ਕਰਨ ਲਈ ਛੋਟੀਆਂ-ਛੋਟੀਆਂ ਘਟਨਾਵਾਂ, ਚੁਟਕਲੇ, ਗੱਪਾਂ ਆਦਿ ਨੂੰ ਹੀ ਲਘੂ ਕਹਾਣੀਆਂ ਦਾ ਨਾਮ ਦੇ ਕੇ ਛਪਵਾਉਣ ਲੱਗੇ। ਅਜੋਕੇ ਸਮੇਂ ਵਿਚ ਮਿੰਨੀ ਕਹਾਣੀਆਂ ਦੇ ਨਾਂ 'ਤੇ ਅਜਿਹੀਆਂ ਗ਼ੈਰ ਮਿਆਰੀ ਰਚਨਾਵਾਂ ਦੀ ਭਰਮਾਰ ਵੇਖਣ ਨੂੰ ਮਿਲਦੀ ਹੈ। ਮਿੰਨੀ ਕਥਾ ਸਾਹਿਤ ਲਈ ਇਹ ਸਥਿਤੀ ਚਿੰਤਾਜਨਕ ਵੀ ਹੈ। ਜਿਹੜੇ ਲੇਖਕ ਸਿਰਫ਼ ਛਪਣ/ਪ੍ਰਕਾਸ਼ਿਤ ਹੋਣ ਲਈ ਹੀ ਲਿਖਦੇ ਹਨ, ਉਹ ਮਿੰਨੀ ਕਹਾਣੀ ਵਿਧਾ ਦਾ ਨੁਕਸਾਨ ਵੀ ਕਰ ਰਹੇ ਹਨ। ਇਸ ਲਈ ਗਿਣਾਤਮਕ ਪੱਖ ਤੋਂ ਮਿੰਨੀ ਕਹਾਣੀਆਂ ਲਿਖਣ ਦੀ ਬਜਾਇ, ਗੁਣਾਤਮਕ ਪੱਖ ਜੋ ਵੀ ਲਿਖਿਆ ਜਾਵੇ ਉਹ ਮਿੰਨੀ ਕਹਾਣੀ ਹੀ ਹੋਵੇ।

ਇਸ ਉਣਤਾਈ ਤੋਂ ਬਚਣ ਲਈ ਮਿੰਨੀ ਕਹਾਣੀ ਲੇਖਕ ਨੂੰ ਚਾਹੀਦਾ ਹੈ ਕਿ ਉਹ ਆਪਣੀ ਰਚਨਾ ਪ੍ਰਕਿਰਿਆ ਦਾ ਪਹਿਲਾ ਆਲੋਚਕ/ਸੋਧਕ ਆਪ ਬਣੇ। ਉਹ ਆਪਣੇ ਲਿਖੇ ਨੂੰ ਬਾਰ ਬਾਰ ਪੜ੍ਹੇ, ਸੋਧੇ ਅਤੇ ਉਸਦਾ ਮੁਲਾਂਕਣ ਕਰੇ। ਅਜਿਹਾ ਕਰਨ ਨਾਲ ਰਚਨਾ ਦੇ ਗੁਣਾਤਮਕ ਗੁਣ ਵਿਚ ਵਾਧਾ ਹੋਵੇਗਾ। ਮਿੰਨੀ ਕਹਾਣੀ ਦੀ ਉੱਘੀ ਵਿਸ਼ੇਸ਼ਤਾ ਇਸਦੀ ਸੁਹਜਮਈ ਸ਼ਕਤੀ ਹੈ। ਜਿਵੇਂ ਕਵਿਤਾ ਵਿਚ ਸਵੈ ਪ੍ਰਗਟਾਵੇ ਦੀ ਅਭਿਵਿਅਕਤੀ ਨੂੰ ਨੁਕਸ ਮੰਨਿਆ ਜਾਂਦਾ ਹੈ। ਉਸੇ ਤਰ੍ਹਾਂ ਮਿੰਨੀ ਕਹਾਣੀਆਂ ਵਿਚ 'ਅੱਖੀ ਡਿੱਠੇ ਹਾਲ' ਦੀ ਪੇਸ਼ਕਾਰੀ ਨੂੰ ਸ਼੍ਰੇਸ਼ਠ/ਉੱਤਮ ਨਹੀਂ ਮੰਨਿਆ ਜਾਂਦਾ। ਸਾਹਿਤਕਾਰ ਆਪਣੇ ਅਨੁਭਵ, ਅਭਿਆਸ ਅਤੇ ਚਿੰਤਨ ਰਾਹੀਂ ਹੀ ਸ਼੍ਰੇਸ਼ਠ/ਉੱਤਮ ਰਚਨਾਵਾਂ ਦੀ ਸਿਰਜਣਾ ਕਰਦੇ ਹਨ।

ਮਿੰਨੀ ਕਹਾਣੀ ਦੀ ਵਿਧਾ ਪੱਖੋਂ ਪਰਖ-ਪੜਚੋਲ ਕਰਨ ਵਾਲੇ ਆਲੋਚਕਾਂ ਦਾ ਸੰਕਟ ਇਸ ਦੇ ਆਰੰਭ ਤੋਂ ਹੀ ਰਿਹਾ ਹੈ। ਕੁਝ ਮਿੰਨੀ ਕਹਾਣੀਕਾਰ ਸਿਰਜਕ ਅਤੇ ਆਲੋਚਕ ਦੋਵਾਂ ਭੂਮਿਕਾਵਾਂ ਵਿਚ ਹਨ। ਆਲੋਚਕ ਦੀ ਸ਼ਖ਼ਸੀਅਤ ਦਾ ਪ੍ਰਭਾਵ ਹੀ ਅਜਿਹਾ ਹੁੰਦਾ ਹੈ ਕਿ ਉਹ ਇੱਕੋ ਰਚਨਾ ਦਾ ਕਈ ਢੰਗ-ਤਰੀਕਿਆਂ ਨਾਲ ਵਿਸ਼ਲੇਸ਼ਣ ਕਰਦਾ ਹੈ। ਇੱਕ ਆਮ ਪਾਠਕ/ਆਲੋਚਕ ਲਈ ਸਾਹਿਤਕ ਰਚਨਾ ਵਿਚ ਪ੍ਰਗਟਾਈਆਂ/ਪੇਸ਼ ਕੀਤੀਆਂ ਕਵੀ/ਸਾਹਿਤਕਾਰ ਦੀਆਂ ਸੰਵੇਦਨਾਵਾਂ, ਮਨੋ-ਭਾਵਨਾਵਾਂ ਅਤੇ ਵਿਚਾਰਾਂ ਨੂੰ ਉਸੇ ਰੂਪ ਵਿਚ ਪਕੜਨਾ ਔਖਾ ਹੁੰਦਾ ਹੈ। ਇਸ ਲਈ ਮਿੰਨੀ ਕਹਾਣੀ ਨੂੰ ਇੱਕ ਸਹਿਜ ਵਿਧਾ ਮੰਨ ਕੇ ਇਸ ਦੀ ਰਚਨਾ ਕਰਨ ਵਾਲੇ ਮਿੰਨੀ ਕਹਾਣੀਕਾਰਾਂ ਦੀ ਗਿਣਤੀ ਵਿੱਚ ਸਕਾਰਾਤਮਕ ਵਾਧਾ ਤਾਂ ਹੋਇਆ ਪਰੰਤੂ ਮਿੰਨੀ ਕਹਾਣੀ ਵਿਧਾ ਦੀ ਪਰਖ-ਪੜਚੋਲ/ ਮੁਲਾਂਕਣ ਕਰਨ ਵਾਲੇ ਸਮਰੱਥ ਆਲੋਚਕਾਂ ਦੀ ਘਾਟ ਬਣੀ ਰਹੀ। ਕਿਉਂਕਿ ਮਿੰਨੀ ਸਾਹਿਤ ਸਿਰਜਣਾਤਮਕਤਾ ਨਾਲ ਸਿੱਧਾ ਸਬੰਧ ਨਾ ਹੋਣ ਕਾਰਨ ਬਹੁਤ ਸਾਰੇ ਮਿੰਨੀ ਕਹਾਣੀ ਆਲੋਚਕ ਪੇਤਲਾ ਮੁਲਾਂਕਣ ਕਰਨ ਵਾਲੇ ਬਣ ਗਏ।

ਦੂਸਰਾ ਬਹੁਤ ਸਾਰੇ ਮਿੰਨੀ ਸਾਹਿਤ ਆਲੋਚਕਾਂ ਨੇ ਨਾਟਕ, ਨਾਵਲ ਅਤੇ ਕਹਾਣੀ ਦੇ ਤੱਤ ਜਿਵੇਂ ਕਥਾਨਕ, ਪਾਤਰ-ਚਿਤ੍ਰਣ, ਬਿਰਤਾਂਤ ਆਦਿ ਮਿੰਨੀ ਕਹਾਣੀ ਉੱਤੇ ਆਰੋਪਿਤ ਕਰ ਕੇ ਮਿੰਨੀ ਕਹਾਣੀ ਦੇ ਸਿਧਾਂਤਕ ਚੌਖਟੇ ਨੂੰ ਪੇਤਲਾ ਬਣਾਇਆ। ਜੇ ਮਿੰਨੀ ਕਹਾਣੀ ਵਿੱਚ 'ਪਲਾਟ' ਦੀ ਥਾਂ ਤੇ ਕੋਈ ਵੱਡੀ/ਮੁੱਖ ਸਥਿਤੀ ਜਾਂ ਘਟਨਾ ਹੁੰਦੀ ਹੈ। ਬਾਕੀ ਦੀਆਂ ਹੋਰ ਛੋਟੀਆਂ-ਛੋਟੀਆਂ ਘਟਨਾਵਾਂ ਅਤੇ ਸਥਿਤੀਆਂ ਉਸੇ ਵੱਡੀ/ਮੁੱਖ ਘਟਨਾ ਰਾਹੀਂ ਵਿਸਤਾਰ ਗ੍ਰਹਿਣ ਕਰ ਦੀਆਂ ਹਨ। ਮਿੰਨੀ ਕਹਾਣੀ ਵਿੱਚ ਇੱਕ ਪਾਤਰੀ ਵਿਧੀ ਕਾਰਨ ਕੋਈ ਪਾਤਰ-ਚਿਤ੍ਰਣ ਨਹੀਂ ਹੁੰਦਾ। ਇਸ ਵਿਚ ਬਿਰਤਾਂਤ ਦੀ ਥਾਂ 'ਤੇ ਸੰਵਾਦ ਦੀ ਪ੍ਰਧਾਨਤਾ ਹੁੰਦੀ ਹੈ। ਮਿੰਨੀ ਕਹਾਣੀ ਵਿੱਚ ਪਲਾਟ ਦੀ ਥਾਂ 'ਘਟਨਾ' ਨੂੰ 'ਬਿਰਤਾਂਤ' ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਸੂਖਮ ਅੰਤਰ ਦੀ ਸਮਝ ਨਾ ਹੋਣ ਕਾਰਣ ਬਹੁਤ ਸਾਰੇ ਮਿੰਨੀ ਕਹਾਣੀ ਲੇਖਕ ਮਿੰਨੀ ਕਹਾਣੀ ਦੇ ਨਾਮ ਤੇ ਮਿੰਨੀ ਕਹਾਣੀ ਵਰਗਾ ਕੁਝ ਵੀ ਲਿਖਣਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਮਿੰਨੀ ਕਹਾਣੀ ਅਤੇ ਕਹਾਣੀ ਵਿਚਲਾ ਅੰਤਰ ਬਹੁਤ ਸਪੱਸ਼ਟ ਹੋ ਜਾਂਦਾ ਹੈ। ਕਥਾ ਸਮੱਗਰੀ ਅਤੇ ਸ਼ਿਲਪ-ਵਿਧਾਨ ਦੇ ਪੱਖੋਂ, ਕਹਾਣੀ ਦਾ ਪਲਾਟ ਮਿੰਨੀ ਕਹਾਣੀ ਦੀਆਂ ਘਟਨਾਵਾਂ ਨਾਲੋਂ ਵਡੇਰਾ ਹੁੰਦਾ ਹੈ। ਕਹਾਣੀ ਦਾ ਸ਼ਿਲਪ-ਵਿਧਾਨ ਮਿੰਨੀ ਕਹਾਣੀ ਨਾਲੋਂ ਵੱਖਰਾ ਹੁੰਦਾ ਹੈ। ਕਹਾਣੀ ਦਾ ਵਿਕਾਸ ਮਿੰਨੀ ਕਹਾਣੀ ਵਾਂਗ ਨਹੀਂ ਹੁੰਦਾ। ਮਿੰਨੀ ਕਹਾਣੀ ਦੀ ਗਤੀ ਅਤੇ ਕਥਾ-ਪ੍ਰਵਾਹ ਕਹਾਣੀ ਨਾਲੋਂ ਵੱਖੋ-ਵੱਖਰੇ ਹੁੰਦੇ ਹਨ। ਮਿੰਨੀ ਕਹਾਣੀ ਦੀ ਸ਼ੁਰੂਆਤ ਉਤਸੁਕਤਾ ਨਾਲ ਭਰਪੂਰ ਇਸ ਦੇ ਕਥਾਤਮਕ ਵਿਕਾਸ ਨੂੰ ਅੱਗੇ ਵਧਾਉਂਦੀ ਹੋਈ ਇਸ ਦੀ ਕਹਾਣੀ ਨੂੰ ਗਤੀ ਪ੍ਰਦਾਨ ਕਰਦੀ ਹੈ। ਸ਼ਿਖਰ/ਕਲਾਈਮੈਕਸ 'ਤੇ ਜਾ ਕੇ ਮਿੰਨੀ ਕਹਾਣੀ ਸਮਾਪਤ ਹੋ ਜਾਂਦੀ ਹੈ। ਇੱਥੇ ਪਹੁੰਚ ਕੇ ਹੀ ਮਿੰਨੀ ਕਹਾਣੀ ਦਾ ਮਨੋਰਥ ਸਪਸ਼ਟ ਹੋ ਜਾਂਦਾ ਹੈ। ਮਿੰਨੀ ਕਹਾਣੀਆਂ ਲਿਖਣ ਵੇਲੇ ਨਾ ਸਿਰਫ਼ ਭਾਸ਼ਾ ਦੀ ਸ਼ੁੱਧਤਾ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਸਗੋਂ ਇਸ ਵਿਚ ਸ਼ਬਦਾਂ ਦੀ ਚੋਣ ਵੀ ਧਿਆਨ ਨਾਲ ਕਰਨੀ ਚਾਹੀਦੀ ਹੈ। ਵਿਦਵਤਾ ਦਾ ਵਿਖਾਵਾ ਕਰਨ ਲਈ ਕਿਸੇ ਨੂੰ ਗੁੰਝਲਦਾਰ ਭਾਸ਼ਾ ਦੀ ਵਰਤੋਂ ਕਰਨ ਤੋਂ ਬਚਣਾ ਚਾਹੀਦਾ ਹੈ। ਮਿੰਨੀ ਕਹਾਣੀ ਦਾ ਹਰ ਵਾਕ ਅਰਥ ਭਰਪੂਰ ਅਤੇ ਮਹੱਤਵਪੂਰਨ ਹੁੰਦਾ ਹੈ। ਇਸ ਲਈ ਮਿੰਨੀ ਕਹਾਣੀ ਦੀ ਵਾਕ ਬਣਤਰ ਚੰਗੀ ਤਰ੍ਹਾਂ ਹੋਣੀ ਚਾਹੀਦੀ ਹੈ। ਮਿੰਨੀ ਕਹਾਣੀ ਦੀ ਸੰਰਚਨਾ ਹੀ ਇਸਦੀ ਉੱਤਮਤਾ ਦੀ ਨਿਸ਼ਾਨੀ ਹੈ। ਮਿੰਨੀ ਕਹਾਣੀ ਦੇ ਹਰ ਵਾਕ ਵਿਚਲੇ ਸ਼ਬਦ ਦਾ ਆਪਣਾ ਸਾਰਥਕ ਮਹੱਤਵ ਹੈ। ਇਸ ਲਈ ਮਿੰਨੀ ਕਹਾਣੀ ਲਿਖਣ ਤੋਂ ਬਾਅਦ ਉਸ ਦੀ ਸੋਧ ਸਮੇਂ ਬੇਲੋੜੇ ਵਾਕਾਂ ਨੂੰ ਹਟਾ ਦੇਣਾ ਜ਼ਰੂਰੀ ਹੈ। ਮਿੰਨੀ ਕਹਾਣੀ ਲਿਖਣ ਤੋਂ ਪਹਿਲਾਂ ਉਸ ਦਾ ਉਦੇਸ਼ ਸਪੱਸ਼ਟ ਕਰਨਾ ਜ਼ਰੂਰੀ ਹੁੰਦਾ ਹੈ। ਮਨੁੱਖੀ ਰਿਸ਼ਤੇ, ਜੀਵਨ ਦੇ ਸੰਘਰਸ਼ ਅਤੇ ਸਮੱਸਿਆਵਾਂ, ਸਮਾਜਿਕ ਦੁਸ਼ਵਾਰੀਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦਾ ਨਿਘਾਰ ਆਦਿ ਵਿਸ਼ਿਆਂ/ਤੱਥਾਂ/ਵੇਰਵਿਆਂ ਨੂੰ ਪੇਸ਼/ਸਪੱਸ਼ਟ ਕਰਨ ਲਈ ਮਿੰਨੀ ਕਹਾਣੀਕਾਰ ਨੂੰ ਸੁਚੇਤ ਰਹਿਣਾ

ਚਾਹੀਦਾ ਹੈ। ਮਿੰਨੀ ਕਹਾਣੀ ਦੀ ਸ਼ੈਲੀ ਤਲਵਾਰ ਦੀ ਧਾਰ ਨਾਲੋਂ ਵੀ ਤਿੱਖੇਰੀ ਹੋਣੀ ਚਾਹੀਦੀ ਹੈ। ਮਿੰਨੀ ਕਹਾਣੀ ਦੀ ਸ਼ੈਲੀ 'ਤੇ ਹੀ ਪਾਠਕ ਦਾ ਪ੍ਰਤੀਕਰਮ ਨਿਰਭਰ ਕਰਦਾ ਹੈ। ਵਿਅੰਗਾਤਮਕ ਸ਼ੈਲੀ ਮਿੰਨੀ ਕਹਾਣੀ ਦੀ ਸ਼ਕਤੀ ਅਤੇ ਸੰਭਾਵਨਾ ਨੂੰ ਵਧਾਉਂਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਮੇਅਰ, ਜੀ. ਐਚ., ਇੰਗਲਿਸ਼ ਲਿਟਰੇਚਰ: ਮਾਡਰਨ, ਵਿਲੀਅਮਸ ਐਂਡ ਨੋਰਗੇਟ, ਲੰਡਨ, 1927
2. ਬੇਟਸ, ਐੱਚ[ ਈ[, ਦ ਮਾਡਰਨ ਸ਼ਾਰਟ ਸਟੋਰੀ : ਏ ਕ੍ਰਿਟੀਕਲ ਸਰਵੇ, ਥਾਮਸ ਨੈਲਸਨ ਐਂਡ ਸਨਜ਼, ਲੰਡਨ, 1941
3. ਚੌਧਰੀ, ਸੁਕਾਂਤਾ (ਸੰਪਾ[), ਸਿਲੈਕਟਿਡ ਸ਼ਾਰਟ ਸਟੋਰੀਜ਼ [ ਰਾਬਿੰਦਰ ਨਾਥ ਟੈਗੋਰ], ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, 2001
4. ਪਟੇਲ, ਭੋਲਾਭਾਈ, ਅਗੇਯ ਏਕ ਅਧਿਐਨ, ਵਾਣੀ ਪ੍ਰਕਾਸ਼ਨ, 2012
5. ਬਰਗਸਾਂ, ਹੈਨਰੀ, ਟਾਈਮ ਐਂਡ ਫ੍ਰੀ ਵਿੱਲ, ਜਾਰਜ਼ ਐਲਨ ਐਂਡ ਕੰਪਨੀ ਲਿਮਟਿਡ, ਲੰਡਨ, 1913
6. ਚੈਖੋਵ, ਐਂਟਨ, ਦ ਬੈਸਟ ਸ਼ਾਰਟ ਸਟੋਰੀਜ਼ ਆਫ ਐਂਟਨ ਚੈਖੋਵ, ਇਨਸਾਈਟ ਪਬਲੀਕਾ, 2020
7. ਕੈਜ਼ਰਰ, ਅ੍ਰਨਸਟ ਅਲਫ੍ਰੈਡ, ਲੈਂਗੁਏਜ ਐਂਡ ਮਿਥ, ਡੋਵਰ ਪਬਲੀਕੇਸਨਜ਼ ਆਈਐੱਨਸੀ[, ਨਿਊਯਾਰਕ, 1946